**FINAL PAPER (08 March 2017)**

**Class - X**

**Paper - PUNJABI**

**Time: 3 hrs.** **M.M: 90**

## (ਭਾਗ-ੳ) ਗਿਆਨ ਤੇ ਵਿਚਾਰ

**1. ਹੇਠਾਂ ਦਿੱਤੇ ਅਣਡਿੱਠੇ ਪੈਰਿਆਂ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ:** **(2×5=10)**

(1) ਬਿਨਾਂ ਮਨ ਦੀ ਅਰੋਗਤਾ ਦੇ ਸਰੀਰ ਅਰੋਗ ਨਹੀਂ ਹੋ ਸਕਦਾ। ਇਹ ਭੇਤ ਬਹੁਤ ਘੱਟ ਲੋਕ ਸਮਝਦੇ ਹਨ। ਜਿਸ ਮਨ ਵਿਚ ਸਦਾ ਸਾੜੇ ਅਤੇ ਈਰਖਾ ਦੀ ਅੱਗ ਬਲਦੀ ਰਹੇ, ਸਦਾ ਵੈਰ-ਵਿਰੋਧ ਅਤੇ ਕਰੋਧ ਦਾ ਭਾਂਬੜ ਮੱਚਿਆ ਰਹੇ, ਉਹ ਸਰੀਰ ਕਿਸ ਤਰ੍ਹਾਂ ਅਰੋਗ ਰਹਿ ਸਕਦਾ ਹੈ ? ਹੁਣ ਤਾਂ ਪੱਛਮੀ ਡਾਕਟਰ ਵੀ ਇਹ ਗੱਲ ਮੰਨ ਗਏ ਹਨ ਕਿ ਜੇ ਬਿਮਾਰ ਨੂੰ ਖ਼ੁਸ਼ ਰੱਖਿਆ ਜਾਵੇ ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ। ਚਿੰਤਾ ਮਨ ਦਾ ਵੱਡਾ ਰੋਗ ਹੈ। ਇਕ ਮਹਾਤਮਾ ਨੇ ਕਿਹਾ ਹੈ, ਚਿੰਤਾ ਚਿਖ਼ਾ ਦੇ ਸਮਾਨ ਹੈ, ਸਗੋਂ ਉਸ ਤੋਂ ਵਧੀਕ ਹੈ। ਚਿਖ਼ਾ ਤਾਂ ਇਕੋ ਦਿਨ ਸਾੜ ਕੇ ਸਰੀਰ ਨੂੰ ਸਵਾਹ ਕਰ ਦਿੰਦੀ ਹੈ, ਪਰ ਚਿੰਤਾ ਹਮੇਸ਼ਾ ਸਾੜਦੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਰੱਬ ਦੇ ਰਾਹ ਉੱਪਰ ਤੁਰਦਾ ਹੈ, ਉਸ ਦੀ ਚਿੰਤਾ ਮੁੱਕ ਜਾਂਦੀ ਹੈ ਅਤੇ ਅਹੰਕਾਰ ਮਿਟ ਜਾਂਦਾ ਹੈ। ਧਾਰਮਿਕ ਜੀਵਨ ਦਾ ਜੇ ਇਹ ਫ਼ਲ ਪ੍ਰਾਪਤ ਨਹੀਂ ਹੋਇਆ ਤਾਂ ਅਸੀਂ ਅਸਲੀ ਧਰਮ ਨੂੰ ਸਮਝਿਆ ਨਹੀਂ। ਧਰਮ ਦੀ ਸਾਰੀ ਰਹਿਤ ਇਨ੍ਹਾਂ ਮਾਨਸਿਕ ਰੋਗਾਂ ਨੂੰ ਨਸ਼ਟ ਕਰਨ ਲਈ ਹੈ। ਬੇਫ਼ਿਕਰ ਮਨ ਸਵਰਗ ਦਾ ਹੂਟਾ ਹੈ। ਜੇ ਮਨ ਅਰੋਗ ਹੋ ਜਾਵੇ ਤਾਂ ਸਰੀਰ ਸਦਾ ਹੀ ਅਰੋਗ ਰਹਿੰਦਾ ਹੈ। ਦਸਮ ਪਾਤਸ਼ਾਹ ਨੇ ਫ਼ੁਰਮਾਇਆ ਹੈ, "ਸਦਾ ਰਹੇ ਕੰਚਨ ਸੀ ਕਾਇਆਂ, ਉਨ੍ਹਾਂ ਦੀ ਜਿਨ੍ਹਾਂ ਨੇ ਮਨ ਅਰੋਗ ਕਰ ਲਿਆ।"

ਪ੍ਰਸ਼ਨ 1. ਕਿਹੜੇ ਸਰੀਰ ਅਰੋਗ ਨਹੀਂ ਰਹਿ ਸਕਦੇ ?

(ੳ) ਜਿਸ ਦਾ ਦਿਮਾਗ ਰੋਗੀ ਨਹੀਂ ☐ (ਅ) ਜਿਸ ਦਾ ਸਰੀਰ ਰੋਗੀ ਨਹੀਂ ☐

(ੲ) ਜਿਸ ਦਾ ਸਰੀਰ ਤੰਦਰੁਸਤ ਨਹੀਂ ☐ (ਸ) ਜਿਸ ਦਾ ਮਨ ਅਰੋਗ ਨਹੀਂ ☐

ਪ੍ਰਸ਼ਨ 2. ਬਿਮਾਰ ਨੂੰ ਕਿਵੇਂ ਰੱਖਣ 'ਤੇ ਉਹ ਛੇਤੀ ਅਰੋਗ ਹੋ ਸਕਦਾ ਹੈ ?

(ੳ) ਅਰਾਮ ☐ (ਅ) ਉਹਲਾ ☐

(ੲ) ਖ਼ੁਸ਼ ☐ (ਸ) ਬੇਅਰਾਮ ☐

ਪ੍ਰਸ਼ਨ 3. ਕਿਸ ਦੀ ਚਿੰਤਾ ਮਿਟ ਜਾਂਦੀ ਹੈ ?

(ੳ) ਕਸਰਤ ਕਰਨ ਵਾਲੇ ਦੀ ☐ (ਅ) ਰੱਬ ਦੇ ਰਾਹ 'ਤੇ ਤੁਰਨ ਵਾਲੇ ਦੀ ☐

(ੲ) ਹੱਸਦੇ ਰਹਿਣ ਵਾਲੇ ਦੀ ☐ (ਸ) ਪੜ੍ਹਦੇ ਰਹਿਣ ਵਾਲੇ ਦੀ ☐

ਪ੍ਰਸ਼ਨ 4. ਬੇਫ਼ਿਕਰ ਮਨ ਕਿਸ ਸਮਾਨ ਹੁੰਦਾ ਹੈ ?

(ੳ) ਸਵਰਗ ਦੇ ਸਮਾਨ ☐ (ਅ) ਨਰਕ ਦੇ ਸਮਾਨ ☐

(ੲ) ਦੇਵਤਿਆਂ ਦੇ ਸਮਾਨ ☐ (ਸ) ਸ਼ੈਤਾਨ ਦੇ ਸਮਾਨ ☐

ਪ੍ਰਸ਼ਨ 5. ਕਿਹੜੇ ਮਨ ਨੂੰ ਅਰੋਗ ਕਰ ਲੈਂਦੇ ਹਨ, ਉਨ੍ਹਾਂ ਦਾ ਸਰੀਰ ਕਿਹੋ ਜਿਹਾ ਹੋ ਜਾਂਦਾ ਹੈ ?

(ੳ) ਚਾਂਦੀ ਵਾਂਗ ☐ (ਅ) ਕੰਚਨ ਵਾਂਗ ☐

(ੲ) ਚੰਦਰਮੇ ਵਾਂਗ ☐ (ਸ) ਸੋਨੇ ਵਾਂਗ ☐

(2) ਆਪਣੇ-ਆਪ ਨੂੰ ਅਗਾਂਹਵਧੂ ਤੇ ਆਧੁਨਿਕ ਕਹਿਣ ਵਾਲੇ ਕਈ ਪੰਜਾਬੀ-ਘਰਾਂ ਵਿਚ ਪੱਛਮੀ ਸੱਭਿਅਤਾ ਦਾ ਬੋਲਬਾਲਾ ਹੈ। ਉੱਥੇ ਕੀ ਨਿੱਕੇ ਤੇ ਕੀ ਵੱਡੇ, ਸਭ ਅੰਗਰੇਜ਼ੀ ਵਿਚ ਹੀ ਗੱਲਬਾਤ ਕਰਦੇ ਹਨ। ਪੰਜਾਬੀ ਬੋਲਣ ਵਿਚ ਉਨ੍ਹਾਂ ਨੂੰ ਸ਼ਰਮ ਆਉਂਦੀ ਹੈ। ਪਰ ਜਦੋਂ ਉਨ੍ਹਾਂ ਨੂੰ ਅਤਿ ਦਾ ਦੁੱਖ ਲਗਦਾ ਹੈ ਤਾਂ ਉਦੋਂ ਉਨ੍ਹਾਂ ਦੇ ਮੂੰਹੋਂ 'ਹਾਏ ਰੱਬਾ' ਹੀ ਨਿਕਲਦਾ ਹੈ। ਇਸ ਵੇਲੇ ਮਤਰੇਈ ਮਾਂ ਅੰਗਰੇਜ਼ੀ ਨਹੀਂ ਸਗੋਂ ਸਕੀ ਮਾਂ ਪੰਜਾਬੀ ਹੀ ਕੰਮ ਆਉਂਦੀ ਹੈ। ਮਾਤ-ਭਾਸ਼ਾ ਉਹ ਭਾਸ਼ਾ ਹੁੰਦੀ ਹੈ ਜੋ ਬੱਚਾ ਆਪਣੀ ਮਾਂ ਦੇ ਦੁੱਧ ਨਾਲ ਹੀ ਸਿੱਖਦਾ ਹੈ। ਜੀਵਨ ਦਾ ਮੁਢਲਾ ਅਨੁਭਵ ਉਹ ਇਸੇ ਬੋਲੀ ਰਾਹੀਂ ਗ੍ਰਹਿਣ ਕਰਦਾ ਹੈ। ਜੋ ਕਮਾਲ ਉਸ ਨੂੰ ਮਾਤ-ਭਾਸ਼ਾ ਵਿਚ ਆਪਣੇ ਖ਼ਿਆਲ ਪ੍ਰਗਟਾਉਣ ਵਿਚ ਹਾਸਲ ਹੁੰਦਾ ਹੈ, ਉਹ ਕਿਸੇ ਹੋਰ ਭਾਸ਼ਾ ਵਿਚ ਨਹੀਂ ਹੁੰਦਾ। ਪੰਜਾਬੀ ਦੇ ਸਿਰਮੌਰ ਕਵੀ ਭਾਈ ਵੀਰ ਸਿੰਘ ਜੀ ਨੇ ਅਤੇ ਬੰਗਲਾ ਭਾਸ਼ਾ ਦੇ ਮਹਾਨ ਸਿਰਜਕ ਰਬਿੰਦਰਨਾਥ ਟੈਗੋਰ ਜੀ ਨੇ ਕੇਵਲ ਤੇ ਕੇਵਲ ਆਪਣੀਆਂ ਮਾਤ-ਭਾਸ਼ਾਵਾਂ ਵਿਚ ਹੀ ਰਚਨਾ ਕੀਤੀ ਹੈ। ਸਾਡੀ ਸਰਕਾਰ ਵੱਲੋਂ, ਹਰ ਪ੍ਰਾਂਤ ਵਿਚ, ਮਾਤ-ਭਾਸ਼ਾ ਨੂੰ ਵਿੱਦਿਆ ਦਾ ਮਾਧਿਅਮ ਬਣਾਉਣ ਦਾ ਇਕ ਸਲਾਹੁਣਯੋਗ ਨਿਰਨਾ ਹੈ।

ਪ੍ਰਸ਼ਨ 1. ਅੱਜ-ਕੱਲ੍ਹ ਪੰਜਾਬੀ ਘਰਾਂ ਵਿਚ ਲੋਕ ਕਿਹੜੀ ਭਾਸ਼ਾ ਬੋਲਣ ਨੂੰ ਤਰਜੀਹ ਦਿੰਦੇ ਹਨ ?

(ੳ) ਪੰਜਾਬੀ (ਅ) ਹਿੰਦੀ

(ੲ) ਅੰਗਰੇਜ਼ੀ (ਸ) ਉਰਦੂ

ਪ੍ਰਸ਼ਨ 2. ਦੁੱਖ ਵੇਲੇ ਪੰਜਾਬੀਆਂ ਦੇ ਮੂੰਹੋਂ ਅਚਨਚੇਤ ਨਿਕਲਿਆ ਸ਼ਬਦ 'ਹਾਏ ਰੱਬਾ' ਕਿਹੜੀ ਭਾਸ਼ਾ ਦਾ ਹੈ ?

(ੳ) ਪੰਜਾਬੀ (ਅ) ਅੰਗਰੇਜ਼ੀ

(ੲ) ਹਿੰਦੀ (ਸ) ਬੰਗਾਲੀ

ਪ੍ਰਸ਼ਨ 3. ਅੰਗਰੇਜ਼ੀ ਭਾਸ਼ਾ ਨੂੰ ਕੀ ਕਿਹਾ ਗਿਆ ਹੈ ?

(ੳ) ਸਕੀ ਮਾਂ (ਅ) ਮਤਰੇਈ ਮਾਂ

(ੲ) ਮਾਤ-ਭਾਸ਼ਾ (ਸ) ਗੁਆਂਢਣ

ਪ੍ਰਸ਼ਨ 4. ਭਾਈ ਵੀਰ ਸਿੰਘ ਜੀ ਕਿਹੜੀ ਭਾਸ਼ਾ ਦੇ ਸਿਰਮੌਰ ਕਵੀ ਹਨ ?

(ੳ) ਅੰਗਰੇਜ਼ੀ (ਅ) ਪੰਜਾਬੀ

(ੲ) ਹਿੰਦੀ (ਸ) ਉਰਦੂ

ਪ੍ਰਸ਼ਨ 5. ਕਿਹੜੇ ਮਹਾਨ ਸਿਰਜਕ ਨੇ ਆਪਣੀ ਮਾਤ-ਭਾਸ਼ਾ 'ਬੰਗਲਾ ਭਾਸ਼ਾ' ਵਿਚ ਰਚਨਾਵਾਂ ਲਿਖੀਆਂ ?

(ੳ) ਭਾਈ ਵੀਰ ਸਿੰਘ (ਅ) ਸ਼ਿਵ ਕੁਮਾਰ ਬਟਾਲਵੀ

(ੲ) ਪ੍ਰੋ: ਪੂਰਨ ਸਿੰਘ (ਸ) ਰਬਿੰਦਰਨਾਥ ਟੈਗੋਰ

ਭਾਗ - ਅ (ਵਿਆਕਰਨ) (4×5=20)

ੲ)ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣੋ -

1) 'ਨਾ ਮਿਲਵਰਤਨ' ਸ਼ਬਦ ਵਿੱਚ ................. ਅਗੇਤਰ ਹੈ।

ੳ) ਮਿਲ ਅ) ਨਾ

ੲ) ਵਰਤਨ ਸ) ਤਨ

2) 'ਵਿਨਾਸ਼' ਸ਼ਬਦ ਵਿੱਚ ................. ਅਗੇਤਰ ਹੈ।

ੳ) ਵਿ ਅ) ਵੀ

ੲ) ਵਿਨ ਸ) ਵਿਨਾ

3) ਹੇਠ ਲਿਖੇ ਅਗੇਤਰ ਨਾਲ ਕਿਹੜਾ ਸ਼ਬਦ ਠੀਕ ਬਣਿਆ ਹੈ -

ਸਮ

ੳ) ਸਮਾਨ ਅ) ਸਮਾਂ

ੲ) ਸਮਕਾਲੀ ਸ) ਸਮਝ

4) ਹੇਠ ਲਿਖੇ ਵਾਕ ਲਈ ਲਕੀਰੇ ਸ਼ਬਦ ਦੀ ਥਾਂ ਲਈ ਸਹੀ ਪਿਛੇਤਰ ਵਾਲਾ ਸ਼ਬਦ ਚੁਣੋ -

ਅੱਜ ਮੈਂ ਇਕ ਦਰਦ ਵਾਲੀ ਘਟਨਾ ਦੇਖੀ।

ੳ) ਦਰਦ ਅ) ਦਰਦਨਾਕ

ੲ) ਦੁੱਖਦੀ ਸ) ਦਰਦੀ

5) 'ਆਹਟ' ਪਿਛੇਤਰ ਨਾਲ ਬਣਿਆ ਸਹੀ ਸ਼ਬਦ ਚੁਣੋ -

ੳ) ਰੁਕਾਵਟ ਅ) ਬਨਾਵਟ

ੲ) ਮੁਸਕਰਾਹਟ ਸ) ਸਜਾਵਟ

ਅ)1. ਹੇਠ ਲਿਖੇ ਸਮਾਸੀ ਸ਼ਬਦ ਲਈ ਸਹੀ ਸ਼ਬਦ-ਸਮੂਹ ਚੁਣੋ:

ਦਿਸ਼ਾ-ਹੀਣ

ੳ) ਦਿਸ਼ਾਵਾਂ ਤੋਂ ਹੀਣ ਅ) ਦਿਸ਼ਾ ਤੋਂ ਹੀਣ

ੲ) ਹੀਣ ਦੀ ਦਿਸ਼ਾ ਸ) ਦਿਸ਼ਾ ਨੂੰ ਹੀਣ

2) 'ਜਗਤ ਦਾ ਗੁਰੂ' ਸ਼ਬਦ-ਸਮੂਹ ਲਈ ਸਹੀ ਸਮਾਸੀ ਸ਼ਬਦ ਦਾ ਸਹੀ ਵਿਕਲਪ ਚੁਣੋ:

ੳ) ਗੁਰੂ-ਜਗਤ ਅ) ਜਗਤ-ਗੁਰੂ

ੲ) ਜਾਗਰਨ-ਗੁਰੂ ਸ) ਜਗਤ-ਗੁਰੀ

3) ਵਿਰੋਧੀ ਅਰਥ ਵਾਲਾ ਸਹੀ ਸਮਾਸੀ ਸ਼ਬਦ ਚੁਣੋ:

ੳ) ਸਾਫ਼-ਸੁਥਰਾ ਅ) ਸੋਚ-ਵਿਚਾਰ

ੲ) ਭੇਡ-ਚਾਲ ਸ) ਅਮੀਰ-ਗਰੀਬ

4) ਇਕੋ ਸ਼ਬਦ ਦੇ ਦੁਹਰਾਓ ਵਾਲਾ ਸਮਾਸੀ ਸ਼ਬਦ ਚੁਣੋ:

ੳ) ਵਿੱਦਿਆ-ਧਨ ਅ) ਹੱਥੋ-ਹੱਥ

ੲ) ਪੂਰਬ-ਪੱਛਮ ਸ) ਚੰਗਾ-ਮੰਦਾ

…ਵਿੱਦਿਆ ਦਾ ਦਾਨ' ਸ਼ਬਦ-ਸਮੂਹ ਲਈ ਸਮਾਸੀ ਸ਼ਬਦ ਦਾ ਸਹੀ ਵਿਕਲਪ ਚੁਣੋ -

ੳ) ਵਿੱਦਿਆ-ਮਹਾਂਦਾਨ  ਅ) ਵਿੱਦਿਆ-ਪ੍ਰਾਪਤੀ

ੲ) ਦਾਨੀ-ਵਿੱਦਿਆ  ਸ) ਵਿੱਦਿਆ-ਦਾਨ

ੲ)1. ਜਿਹੜੇ ਸ਼ਬਦ ਮਨ ਦੀ ਖ਼ੁਸ਼ੀ, ਗਮੀ, ਹੈਰਾਨੀ, ਡਰ ਆਦਿ ਦੇ ਭਾਵ ਪ੍ਰਗਟ ਕਰਨ, ਉਨ੍ਹਾਂ ਨੂੰ ਕੀ ਕਿਹਾ ਜਾਦਾ ਹੈ?

ੳ) ਨਾਂਵ  ਅ) ਪੜਨਾਂਵ

ੲ) ਵਿਸਮਿਕ  ਸ) ਸੰਬੰਧਕ

2. ਹਾਏ ਓ ਰੱਬਾ! ਅਫ਼ਸੋਸ! ਉਫ਼! ਵਿਸਮਿਕ ਕਿਹੜੀ ਕਿਸਮ ਦੇ ਹਨ?

ੳ) ਪ੍ਰਸੰਸਾ-ਵਾਚਕ  ਅ) ਸ਼ੋਕ-ਵਾਚਕ

ੲ) ਸੂਚਨਾ-ਵਾਚਕ  ਸ) ਸਤਿਕਾਰ-ਵਾਚਕ

3. ਅਸੀਸ ਵਾਚਕ ਵਿਸਮਿਕ ਚੁਣੋ -

ੳ) ਜਿਊਂਦਾ ਰਹੁ! ਜੁਆਨੀਆ ਮਾਣੇਂ!  ਅ) ਖ਼ਬਰਦਾਰ!

ੲ) ਹਾਇ! ਉਇ  ਸ) ਕਾਸ਼! ਹੇ ਦਾਤਾ!

4. 'ਹੈਂ! ਇਹ ਕੀ ਅਨਰਥ ਹੋ ਗਿਆ।' ਵਾਕ ਵਿੱਚ ਕਿਸ ਪ੍ਰਕਾਰ ਦੇ ਵਿਸਮਿਕ ਦੀ ਵਰਤੋਂ ਹੋਈ ਹੈ -

ੳ) ਹੈਰਾਨੀ-ਵਾਚਕ  ਅ) ਇੱਛਾ-ਵਾਚਕ

ੲ) ਫਿਟਕਾਰ-ਵਾਚਕ  ਸ) ਸਤਿਕਾਰ-ਵਾਚਕ

5. ਸੰਬੋਧਨੀ ਵਿਸਮਿਕ ਚੁਣੋ -

ੳ) ਦੁਰ-ਫਿੱਟੇ ਮੂੰਹ!  ਅ) ਹਾਏ! ਹਾਏ!

ੲ) ਵੇ! ਨੀ! ਅੜੀਏ! ਵੇ ਬੀਬਾ!  ਸ) ਕਾਸ਼

ਸ) ਹੇਠ ਲਿਖੇ ਅਖਾਣ ਨੂੰ ਪੂਰਾ ਕਰਨ ਲਈ ਸਹੀ ਵਿਕਲਪ ਚੁਣੋ:

ਉੱਜੜੇ ਬਾਗਾਂ ਦੇ ................।

ੳ) ਬੂਟੇ ਸੁੱਕੇ  ਅ) ਗਾਲੜ੍ਹ ਪਟਵਾਰੀ

ੲ) ਮਾਲੀ ਨਿਕੰਮੇ  ਸ) ਫਲ ਮਿੱਠੇ

2. ਹੇਠ ਲਿਖੇ ਅਖਾਣ ਲਈ ਵਿਸ਼ੇਸ਼ ਮੌਕਾ ਚੁਣੋ:

ਇਕ ਪੰਥ ਦੋ ਕਾਜ

ੳ) ਜਦੋਂ ਕਿਸੇ ਇੱਕ ਕੰਮ ਕਰਨ ਨਾਲ ਦੋ ਲਾਭ ਹੋ ਜਾਣ।

ਅ) ਕੰਮ ਦੋ ਹੋਣ ਤੇ ਕਰਨ ਵਾਲਾ ਇਕ।

ੲ) ਜਦੋਂ ਦੋ ਕੰਮਾਂ ਵਿੱਚੋਂ ਇੱਕ ਵੀ ਨਾ ਹੋਵੇ।

ਸ) ਜਦੋਂ ਇੱਕ ਕੰਮ ਕਰਨ ਨੂੰ ਦੋ ਰਸਤੇ ਹੋਣ।

3. ਹੇਠ ਲਿਖੇ ਵਿਸ਼ੇਸ਼ ਮੌਕੇ ਲਈ ਸਹੀ ਅਖਾਣ ਚੁਣੋ:

ਮਧਰੀ ਔਰਤ ਤੇ ਲੰਮਾ ਪਤੀ

ੳ) ਉੱਚਾ ਲੰਮਾ ਗੱਭਰੂ ਪੱਲੇ ਠੀਕਰੀਆਂ  ਅ) ਊਠ ਦੇ ਗਲ ਟੱਲੀ

ੲ) ਅਸਮਾਨ ਦੇ ਤਾਰੇ ਤੋੜਨਾ  ਸ) ਆਪਣਾ ਨੀਗਰ ਪਰਾਇਆਂ ਢੀਂਗਰ

ਠ ਲਿਖੇ ਅਖਾਣ ਨੂੰ ਪੂਰਾ ਕਰਨ ਲਈ ਸਹੀ ਵਿਕਲਪ ਚੁਣੋ -

**ਉਹ ਦਿਨ ਡੁੱਬਾ ..................**

ੳ) ਤਾਂ ਮੋਹਲਿਆਂ ਦਾ ਕੀ ਡਰ    ਅ) ਕੋਈ ਨਾ ਬੁੱਝੇ

ੲ) ਜਦ ਘੋੜੀ ਚੜ੍ਹਿਆ ਕੁੱਬਾ    ਸ) ਵਧਾਈਆਂ ਕਿਤੇ

5. **ਹੇਠ ਲਿਖੇ ਅਖਾਣ ਲਈ ਸਹੀ ਵਿਸ਼ੇਸ਼ ਮੌਕਾ ਚੁਣੋ:**

**<u>ਇੱਕ ਇਕੱਲਾ ਤੇ ਦੋ ਗਿਆਰ੍ਹਾਂ</u>**

ੳ) ਜਦੋਂ ਗਿਣਤੀ ਨਾ ਆਵੇ    ਅ) ਜਦੋਂ ਗਿਆਰ੍ਹਾਂ ਵੀ ਇੱਕੋ ਜਿਹੇ ਲੱਗਣ

ੲ) ਜਿਸ ਸਮੇਂ ਏਕਤਾ ਦੀ ਤਾਕਤ ਦੱਸਣੀ ਹੋਵੇ    ਸ) ਕਿਤੇ ਵੀ ਨਹੀਂ

## ਭਾਗ - ੲ

**ਪਾਠ ਪੁਸਤਕਾਂ ਤੇ ਅਧਾਰਿਤ**

1) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸਤਰ ਵਿੱਚ ਦਿਓ -** **(9×1=9)**

ੳ) 'ਈਅਰ ਫੋਨ' ਕਹਾਣੀ ਕਿਸ ਦੀ ਲਿਖੀ ਹੋਈ ਹੈ?

ਅ) ਡਾ. ਏ.ਪੀ.ਜੇ. ਅਬਦੁਲ ਕਲਾਮ ਭਾਰਤ ਦੇ ਕਿੰਨਵੇਂ ਰਾਸ਼ਟਰਪਤੀ ਸਨ?

ੲ) ਨਾਨਕ ਸਿੰਘ ਕਿਹੜੇ ਨਾਵਲਕਾਰ ਦੀ ਰਚਨਾ ਪੜ੍ਹ ਕੇ ਪੰਜਾਬੀ ਨਾਵਲ ਲਿਖਣ ਲਈ ਪ੍ਰੇਰਿਤ ਹੋਏ?

ਸ) ਲੇਖਕ ਨੇ ਪਾਣੀਆਂ ਤੇ ਧਰਤੀਆਂ ਦਾ ਦੇਸ਼ ਕਿਸ ਨੂੰ ਕਿਹਾ ਹੈ?

ਹ) ਗੂਗਲ ਇਨਪੁਟ ਟੂਲ ਕਿੰਨੀਆਂ ਭਾਸ਼ਾਵਾਂ ਲਈ ਕੰਮ ਕਰ ਸਕਦਾ ਹੈ?

ਕ) ਲੋਕ-ਗੀਤ ਕਿਸ ਨੂੰ ਆਖਦੇ ਹਨ?

ਖ) ਕਲਾ ਸਾਨੂੰ ਕਿਸ ਨਾਲ ਜੋੜਦੀ ਹੈ?

ਗ) ਮੀਰੀ-ਪੀਰੀ ਤੋਂ ਕੀ ਭਾਵ ਹੈ?

ਘ) ਡਾ. ਸੁਦਰਸ਼ਨ ਗਾਸੋ ਦੀ ਕਿਹੜੀ ਰਚਨਾ ਤੁਹਾਡੇ ਸਿਲੇਬਸ ਵਿੱਚ ਹੈ?

2) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ।** **(8×2=16)**

ੳ) 'ਈਅਰ ਫੋਨ' ਕਹਾਣੀ ਵਿੱਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ?

ਅ) ਅਰਚਨਾ ਅਤੇ ਵੰਦਨਾ ਦੀ ਆਪਸੀ ਲੜਾਈ ਕਿਉਂ ਹੋਈ ਅਤੇ ਉਨ੍ਹਾਂ ਦਾ ਸਮਝੌਤਾ ਕਿਸ ਨੇ ਕਰਵਾਇਆ?

ੲ) ਡਾ. ਅਬਦੁੱਲ ਕਲਾਮ ਦੇ ਜਨਮ, ਮਾਤਾ-ਪਿਤਾ ਤੇ ਬਚਪਨ ਬਾਰੇ ਲਿਖੋ।

ਸ) ਅਸਟਰੇਲੀਆ ਵਿੱਚ ਲੇਖਕ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਦੀ ਯਾਦ ਆਉਂਦੀ ਹੈ?

ਹ) ਪੰਜਾਬੀ ਦੇ ਪਹਿਲੇ ਅਤੇ ਇੱਕੋ-ਇੱਕ ਵਰਡ ਪ੍ਰੋਸੈਸਰ 'ਅੱਖਰ' ਬਾਰੇ ਜਾਣਕਾਰੀ ਦਿਓ।

ਕ) ਲੋਕ-ਗੀਤਾਂ ਦੀ ਸਭਿਆਚਾਰ ਨਾਲ ਕੀ ਸਾਂਝ ਹੈ?

ਖ) ਊਰਜਾ ਮਨੁੱਖ ਅੰਦਰ ਕਿਹੋ ਜਿਹੀ ਭੂਮਿਕਾ ਨਿਭਾਅ ਸਕਦੀ ਹੈ?

ਗ) ਨਾਨਕ ਸਿੰਘ ਨੂੰ ਜੇਲ੍ਹ ਕਿਉਂ ਜਾਣਾ ਪਿਆ ਅਤੇ ਜੇਲ੍ਹ ਵਿੱਚ ਰਹਿ ਕੇ ਉਹਨਾਂ ਨੇ ਕੀ ਕੀਤਾ?

3) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਦਿਓ:** **(5×2=10)**

ੳ) 'ਰਾਜਿਆ ਰਾਜ ਕਰੇਂਦਿਆਂ' ਇਕਾਂਗੀ ਕਿਸ ਦੀ ਰਚਨਾ ਹੈ? ਇਸ ਨੂੰ ਪੜ੍ਹਨ ਪਿੱਛੋਂ ਤੁਹਾਡੀ ਹਮਦਰਦੀ ਕਿਹੜੇ ਪਾਤਰ ਨਾਲ ਹੁੰਦੀ ਹੈ? ਵਿਸਥਾਰ ਨਾਲ ਲਿਖੋ।

**ਜਾਂ**

ਤੋਤਾ-ਮੈਨਾਂ ਕਿੱਥੇ ਗਾ ਰਹੇ ਸਨ? ਇਨ੍ਹਾਂ ਦੇ ਗੀਤਾਂ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ?

2. 'ਗੁਰੂ-ਉਪਦੇਸ਼' ਕਿਸ ਦੀ ਕਾਵਿ-ਰਚਨਾ ਹੈ? ਇਸ ਵਿੱਚ ਪ੍ਰਗਟਾਏ ਗਏ ਵਿਚਾਰਾਂ ਨੂੰ ਵਿਸਥਾਰ ਨਾਲ ਲਿਖੋ।

**ਜਾਂ**

'ਕੁੱਖ ਦੀ ਅਵਾਜ਼' ਕਿਸ ਦੀ ਕਾਵਿ-ਰਚਨਾ ਹੈ? ਇਸ ਕਵਿਤਾ ਦਾ ਸਾਰ ਲਿਖੋ।

...ਰਾਂ-ਕੀਮਤਾਂ ਤੇ ਅਧਾਰਤ ਪ੍ਰਸ਼ਨ (5)

ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਮਨੁੱਖੀ ਵਿਕਾਸ ਵਿੱਚ ਮਾਂ-ਬੋਲੀ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ? ਇਸ ਸੰਬੰਧੀ ਆਪਣੇ ਵਿਚਾਰ ਦਲੀਲਾਂ ਸਹਿਤ 100-125 ਸ਼ਬਦਾਂ ਵਿੱਚ ਲਿਖੋ।

## ਭਾਗ-ਸ (ਲਿਖਤੀ)

**ੳ) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ ਨੁਕਤਿਆਂ ਦੇ ਅਧਾਰ ਤੇ ਲਗਭਗ 200-250 ਸ਼ਬਦਾਂ ਦਾ ਲੇਖ ਲਿਖੋ:** (10)

**ਨਾਨਕ ਦੁਖੀਆ ਸਭ ਸੰਸਾਰ**

**ਨੁਕਤੇ:**

- ਤੁਕ ਦਾ ਅਰਥ
- ਸੰਸਾਰ ਵਿੱਚ ਸਾਰੇ ਦੁਖੀ ਹਨ
- ਦੁੱਖਾਂ ਦਾ ਮੂਲ ਕਾਰਨ
- ਦੁੱਖ-ਸੁੱਖ ਜੀਵਨ ਦਾ ਹਿੱਸਾ ਹਨ
- ਪ੍ਰਭੂ ਸਿਮਰਨ ਦੁੱਖਾਂ ਦਾ ਦਾਰੂ ਹੈ
- ਸਾਰੰਸ਼

**ਜਾਂ**

**ਸਮੇਂ ਦੀ ਕਦਰ**

**ਨੁਕਤੇ:**

- ਭੂਮਿਕਾ
- ਸਾਡੀਆਂ ਆਦਤਾਂ
- ਕੁਦਰਤ ਅਤੇ ਸਮਾਂ
- ਮਨੁੱਖ ਅਤੇ ਸਮਾਂ
- ਵੱਡੇ ਵਿਅਕਤੀਆਂ ਦੇ ਮਹਾਨ ਬਣਨ ਦਾ ਰਾਜ
- ਵਿਦੇਸ਼ਾਂ ਵਿੱਚ ਸਮੇਂ ਦੀ ਕਦਰ
- ਸਮਾਂ ਨਸ਼ਟ ਕਰਨ ਦੇ ਨੁਕਸਾਨ
- ਸਾਰੰਸ਼

**ਅ) ਕਿਸੇ ਇਕ ਵਿਸ਼ੇ ਤੇ ਪੱਤਰ ਲਿਖੋ:** (10)

ਪੰਜਾਬੀ ਦੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਹੜ੍ਹਾਂ ਨਾਲ ਪੀੜਤ ਲੋਕਾਂ ਦੀ ਮਦਦ ਲਈ ਅਪੀਲ ਕਰਨ ਵਾਸਤੇ ਪੱਤਰ ਲਿਖੋ।

**ਜਾਂ**

ਨਗਰ ਨਿਗਮ ਦੇ ਮੁੱਖ ਸਿਹਤ ਅਧਿਕਾਰੀ ਨੂੰ ਬਰਸਾਤਾਂ ਕਾਰਨ ਫੈਲੀ ਗੰਦਗੀ ਨੂੰ ਦੂਰ ਕਰਨ ਲਈ ਪੱਤਰ ਲਿਖੋ ਅਤੇ ਛੇਤੀ ਤੋਂ ਛੇਤੀ ਸਫ਼ਾਈ ਦੀ ਆਸ ਰੱਖੋ।